**Orders of Station Allotment, School Librarian**

**ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ, ਐਸ.ਏ.ਐਸ. ਨਗਰ**
**ਪੀ.ਐਸ.ਈ.ਬੀ. ਕੰਪਲੈਕਸ, ਫੇਜ਼-8, ਐਸ.ਏ.ਐਸ. ਨਗਰ**
**(ਦਫਤਰੀ ਅਮਲਾ ਸ਼ਾਖਾ)**

**ਹੁਕਮ ਨੰ.** ਈ-223726/DPISE-ME0ESTB/54/2021-ਦਅ(2)

**ਮਿਤੀ: 09.08.2024**

1.0 ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਵੱਲੋਂ ਸਕੂਲ ਲਾਇਬ੍ਰੇਰੀਅਨ ਦੀਆਂ 693 ਆਸਾਮੀਆਂ ਭਰਨ ਲਈ ਮਿਤੀ 02.04.2021 ਨੂੰ ਇਸ਼ਤਿਹਾਰ ਦਿੱਤਾ ਗਿਆ ਸੀ। ਇਸ ਉਪਰੰਤ ਸਿਲੈਕਟ ਹੋਏ ਉਮੀਦਵਾਰਾਂ ਦੀ ਸੂਚੀ ਮਿਤੀ 20.07.2024 ਨੂੰ ਵਿਭਾਗ ਦੀ ਵੈਬਸਾਈਟ http://www.ssapunjab.org ਤੇ ਅਪਲੋਡ ਕੀਤੀ ਗਈ ਸੀ। ਇਹਨਾਂ ਸਿਲੈਕਟ ਹੋਏ ਉਮੀਦਵਾਰਾਂ ਨੂੰ ਮਿਤੀ 31.07.2024 ਨੂੰ ਨਿਯੁਕਤੀ ਪੱਤਰ/ਪੇਸ਼ਕਸ਼ ਜਾਰੀ ਕਰਨ ਉਪਰੰਤ ਸਟੇਸ਼ਨ ਚੋਣ ਕਰਵਾਈ ਗਈ ਸੀ।

2.0 ਨਵ ਨਿਯੁਕਤ ਸਕੂਲ ਲਾਇਬ੍ਰੇਰੀਅਨਾਂ ਨੂੰ ਜਾਰੀ ਨਿਯੁਕਤੀ ਪੱਤਰ ਦੀ ਲਗਾਤਾਰਤਾ ਵਿੱਚ ਹੁਣ ਉਹਨਾਂ ਦੇ ਨਾਵਾਂ ਸਾਹਮਣੇ ਦਰਸਾਏ ਸਟੇਸ਼ਨ ਹੇਠ ਲਿਖੇ ਅਨੁਸਾਰ ਅਲਾਟ ਕੀਤੇ ਜਾਂਦੇ ਹਨ:-

| SR. NO. | Application No. | Name<br>Father's Name | Cat | Category of Recommendation | School Name |
|---|---|---|---|---|---|
| 1 | PSSSBH04010442 | SANDEEP SINGH S/D/o Sh. RANDHIR SINGH | GEN | ESM GEN | SCHOOL OF EMINENCE BANGI KALAN<br>District- BATHINDA |
| 2 | PSSSBH04006816 | SANDEEP SINGH S/D/o Sh. GURCHARAN SINGH | GEN | OPEN | SHAHEED-E-AZAM SUKHDEV THAPAR G SCHOOL OF EMINENCE BHARAT NAGAR CHOWK LUDHIANA<br>District- LUDHIANA |
| 3 | PSSSBH04008902 | JASPAL KAUR S/D/o Sh. GURMAIL SINGH | GEN | OPEN | GSSS BARETA (G)<br>ED Block- BUDHLADA<br>District- MANSA |
| 4 | PSSSBH04009616 | MEET KAUR S/D/o Sh. SHINGARA SINGH | GEN | OPEN | GSSS BUDHLADA (G)<br>ED Block- BUDHLADA-1<br>District- MANSA |
| 5 | PSSSBH04010441 | RUPINDER KAUR S/D/o Sh. HARPAL SINGH | Gen | OPEN | SCHOOL OF EMINENCE FOR GIRLS ABUL KHURANA<br>District- MUKTSAR |
| 6 | PSSSBH04004917 | MANJEET SINGH S/D/o Sh. BALJINDER SINGH | GEN | OPEN | SHAHEED NAIK NIRMAL SINGH GSSS KUSLA<br>ED Block- SARDULGARH<br>District- MANSA |
| 7 | PSSSBH04004063 | VANDANA S/D/o Sh. BALWANT RAI | GEN | OPEN | GSSS JEEVAN MALL ZIRA<br>ED Block- ZIRA<br>District- FEROZEPUR |
| 8 | PSSSBH04007580 | MANPREET KAUR S/D/o Sh. IQBAL SINGH | GEN | OPEN | SHAHEED UDHAM SINGH SCHOOL OF EMINENCE SUNAM UDHAM SINGH WALA<br>District- SANGRUR |
| 9 | PSSSBH04006075 | GAGANDEEP KAUR S/D/o Sh. BALBIR SINGH | GEN | ESM GEN | SCHOOL OF EMINENCE ARNIWALA SHEIKH SUBHAN<br>District- FAZILKA |
| 10 | PSSSBH04002195 | JAMIL AHMAD S/D/o Sh. YAMIN AHMAD | GEN | ESM GEN | GURNAM SINGH SAINI SCHOOL OF EMINENCE DERABASSI |

| | | | | | |
|---|---|---|---|---|---|
| | | | | | District- SAS NAGAR |
| 11 | PSSSBH04005589 | MANJEET KAUR<br>S/D/o Sh. BALVEER SINGH | GEN | ESM GEN | GSSS FIROZ SHAH<br>ED Block- GHALL KHURD<br>District- FEROZEPUR |
| 12 | PSSSBH04003376 | SUMANPREET KAUR<br>S/D/o Sh. SUKHDEV SINGH | GEN | ESM GEN | SHAHEED JAGSIR SINGH SCHOOL OF EMINENCE BOHA<br>ED Block- BUDHLADA-2<br>District- MANSA |
| 13 | PSSSBH04008166 | GURMEET SINGH<br>S/D/o Sh. HARDEV SINGH | GEN | ESM GEN | GSSS DHARAMPURA<br>ED Block- BUDHLADA-2<br>District- MANSA |
| 14 | PSSSBH04008236 | MANJEET KAUR<br>S/D/o Sh. BHAJAN SINGH | GEN | ESM GEN | GSSS HIALA<br>ED Block- AUR<br>District- SBS NAGAR |
| 15 | PSSSBH04005762 | SAPNA<br>S/D/o Sh. JANAK RAJ | GEN | ESM GEN | GSSS BHAGWANPUR JATTAN<br><br>District- PATIALA |
| 16 | PSSSBH04005513 | GURPREET KAUR<br>S/D/o Sh. HAZOOR SINGH | GEN | SPORTS GEN | GSSS GOBINDGARHDABRIKHANA<br>ED Block- JAITU<br>District- FARIDKOT |
| 17 | PSSSBH04008379 | NAVJOT KAUR<br>S/D/o Sh. AVTAR SINGH | GEN | SPORTS GEN | SCHOOL OF EMINENCE BARIWALA<br><br>District- MUKTSAR |

3.0 ਉਪਰੋਕਤ ਨਵ ਨਿਯੁਕਤ ਸਕੂਲ ਲਾਇਬ੍ਰੇਰੀਅਨਾਂ ਨੂੰ ਅਲਾਟ ਕੀਤੇ ਗਏ ਸਟੇਸ਼ਨ ਤੇ ਹਾਜ਼ਰ ਹੋਣ ਸਬੰਧੀ 7 ਦਿਨਾਂ ਦਾ ਸਮਾਂ ਦਿੱਤਾ ਜਾਂਦਾ ਹੈ।

4.0 ਇਸ ਭਰਤੀ ਨਾਲ ਸਬੰਧਤ ਸਿਵਲ ਰਿੱਟ ਪਟੀਸ਼ਨ 16661 ਆਫ 2022 ਮੋਨਿਕਾ ਬਾਵਾ ਬਨਾਮ ਪੰਜਾਬ ਸਰਾਕਰ ਅਤੇ ਹੋਰ ਅਤੇ ਵੱਖ ਵੱਖ ਅਦਾਲਤਾਂ ਵਿੱਚ ਚਲ ਰਹੇ ਕੋਰਟ ਕੇਸਾਂ ਦੇ ਭਵਿੱਖ ਵਿੱਚ ਆਉਣ ਵਾਲੇ ਫੈਸਲੇ ਇਸ ਨਿਯੁਕਤੀ ਤੇ ਲਾਗੂ ਹੋਣਗੇ।

5.0 ਉਪਰੋਕਤ ਨਵ-ਨਿਯੁਕਤ ਸਕੂਲ ਲਾਇਬ੍ਰੇਰੀਅਨਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੇ ਤਾਇਨਾਤੀ ਵਾਲੇ ਸਟੇਸ਼ਨ ਤੇ ਆਪਣੀ ਹਾਜ਼ਰੀ ਰਿਪੋਰਟ ਅਤੇ ਮੈਡੀਕਲ ਫਿਟਨੈਸ ਸਰਟੀਫਿਕੇਟ ਸਬੰਧਤ ਸਕੂਲ ਮੁੱਖੀ ਨੂੰ ਪੇਸ਼ ਕਰਨਗੇ। ਉਨ੍ਹਾਂ ਦੀ ਤਨਖਾਹ ਸਕੂਲ ਵਿੱਚ ਹਾਜ਼ਰੀ ਦੀ ਮਿਤੀ ਤੋਂ ਮਿਲਣਯੋਗ ਹੋਵੇਗੀ।

6.0 ਉਪਰੋਕਤ ਨਵ-ਨਿਯੁਕਤ ਸਕੂਲ ਲਾਇਬ੍ਰੇਰੀਅਨ ਸਕੂਲ ਵਿੱਚ ਹਾਜ਼ਰ ਹੋਣ ਸਮੇਂ ਆਪਣੇ ਨਾਲ ਅਪਲਾਈ ਕਰਨ ਦਾ ਸਬੂਤ, ਅਸਲ ਆਧਾਰ ਕਾਡਰ ਅਤੇ ਨਿਯੁਕਤੀ ਪੱਤਰ ਦੀ ਕਾਪੀ ਵੀ ਲੈ ਕੇ ਜਾਣਗੇ।

7.0 ਕਿਸੇ ਵੀ ਨਵ-ਨਿਯੁਕਤ ਸਕੂਲ ਲਾਇਬ੍ਰੇਰੀਅਨ ਵੱਲੋਂ ਆਪਣੀ ਹਾਜ਼ਰੀ ਰਿਪੋਰਟ ਵੱਖਰੇ ਤੌਰ ਤੇ ਡਾਇਰੈਕਟੋਰੇਟ ਨੂੰ ਨਹੀਂ ਭੇਜੀ ਜਾਵੇਗੀ।

8.0 ਉਪਰੋਕਤ ਨਵ-ਨਿਯੁਕਤ ਸਕੂਲ ਲਾਇਬ੍ਰੇਰੀਅਨ ਆਪਣੀ ਹਾਜ਼ਰੀ ਉਪਰੰਤ ਆਪਣਾ ਸਾਰਾ ਡਾਟਾ ਈ-ਪੰਜਾਬ ਪੋਰਟਲ ਤੇ 3 ਦਿਨਾਂ ਦੇ ਅੰਦਰ ਅੰਦਰ ਅਪਲੋਡ ਕਰਨਾ ਯਕੀਨੀ ਬਣਾਉਣਗੇ। ਡਾਇਰੈਕਟੋਰੇਟ ਵੱਲੋਂ ਨਵ-ਨਿਯੁਕਤ ਸਕੂਲ ਲਾਇਬ੍ਰੇਰੀਅਨਾਂ ਦੀ ਹਾਜ਼ਰੀ ਸਬੰਧੀ ਰਿਪੋਰਟ ਈ-ਪੰਜਾਬ ਪੋਰਟਲ ਤੋਂ ਹੀ ਪ੍ਰਾਪਤ ਕੀਤੀ ਜਾਵੇਗੀ। ਜੇਕਰ ਕਿਸੇ ਨਵ-ਨਿਯੁਕਤ ਸਕੂਲ ਲਾਇਬ੍ਰੇਰੀਅਨ ਵੱਲੋਂ ਆਪਣਾ ਡਾਟਾ ਈ-ਪੰਜਾਬ ਪੋਰਟਲ ਤੇ 3 ਦਿਨ ਦੇ ਅੰਦਰ ਅੰਦਰ ਅਪਲੋਡ ਨਹੀਂ ਕੀਤਾ ਜਾਂਦਾ ਤਾਂ ਇਹ ਸਮਝ ਲਿਆ ਜਾਵੇਗਾ ਕਿ ਉਹ ਨੌਕਰੀ ਕਰਨ ਵਿੱਚ ਰੁਚੀ ਨਹੀਂ ਰੱਖਦਾ/ਰੱਖਦੀ, ਇਸ ਲਈ ਉਸ ਨੂੰ ਗੈਰਹਾਜ਼ਰ ਸਮਝਦੇ ਹੋਏ ਉਸ ਦੀਆਂ ਸੇਵਾਵਾਂ ਖਤਮ ਕਰਨ ਲਈ ਕਾਰਵਾਈ ਆਰੰਭੀ ਜਾਵੇਗੀ।

7.0 ਬਾਕੀ ਸ਼ਰਤਾਂ ਨਵ-ਨਿਯੁਕਤ ਸਕੂਲ ਲਾਇਬ੍ਰੇਰੀਅਨਾਂ ਨੂੰ ਜਾਰੀ ਨਿਯੁਕਤੀ ਪੱਤਰ ਵਾਲੀਆਂ ਹੀ ਲਾਗੂ ਹੋਣਗੀਆਂ।

**ਪਰਮਜੀਤ ਸਿੰਘ, ਪੀ.ਸੀ.ਐਸ.**
**ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ**

ਪਿੱਠ ਅੰਕਣ ਨੰ.: ਉਕਤ/ **2024197821** ਮਿਤੀ, ਐਸ.ਏ.ਐਸ. ਨਗਰ: 09.08.2024

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਕੱਤਰ ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ।
2. ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ।
3. ਸਬੰਧਤ ਸਕੂਲ ਮੁੱਖੀ ਨੂੰ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਇਹਨਾਂ ਨਵ-ਨਿਯੁਕਤ ਲਾਇਬ੍ਰੇਰੀਅਨਾਂ ਦੀ ਸਿਲੈਕਸ਼ਨ ਲਿਸਟ ਪਹਿਲਾਂ ਹੀ ਵਿਭਾਗ ਦੀ ਵੈਬਸਾਈਟ http://www.ssapunjab.org ਤੇ ਅਪਲੋਡ ਕੀਤੀ ਹੋਈ ਹੈ। ਉਹ ਇਹਨਾਂ ਨਵ-ਨਿਯੁਕਤ ਸਕੂਲ ਲਾਇਬ੍ਰੇਰੀਅਨਾਂ ਨੂੰ ਹਾਜ਼ਰ ਕਰਵਾਉਣ ਤੋਂ ਪਹਿਲਾਂ ਹੇਠ ਲਿਖੀਆਂ ਹਦਾਇਤਾਂ ਦੀ ਪਾਲਣਾ ਕਰਨਗੇ:-
   - ਨਵ ਨਿਯੁਕਤ ਲਾਇਬ੍ਰੇਰੀਅਨ ਦਾ ਮੈਡੀਕਲ ਫਿਟਨੈਸ ਸਰਟੀਫਿਕੇਟ ਚੈਕ ਕਰਨਗੇ ਅਤੇ ਫਿਟ ਪਾਏ ਜਾਣ ਉਪਰੰਤ ਹੀ ਨਵ ਨਿਯੁਕਤ ਲਾਇਬ੍ਰੇਰੀਅਨ ਨੂੰ ਜੁਆਇੰਨ ਕਰਵਾਉਣਗੇ।
   - ਨਵ ਨਿਯੁਕਤ ਲਾਇਬ੍ਰੇਰੀਅਨ ਦੇ ਵਿਦਿਅਕ ਯੋਗਤਾ ਸਬੰਧੀ ਮੁਕੰਮਲ ਦਸਤਾਵੇਜ਼ ਅਤੇ ਇਸ ਸਿਲੈਕਸ਼ਨ ਸਬੰਧੀ ਵੇਰਵੇ ਬਾਰਿਕੀ ਨਾਲ ਚੈਕ ਕਰਨਗੇ ਅਤੇ ਸਬੰਧਤ ਸੰਸਥਾ ਤੋਂ ਵੈਰੀਫਾਈ ਕਰਵਾਉਣਗੇ। ਦਸਤਾਵੇਜ਼ ਵੈਰੀਫਿਕੇਸ਼ਨ ਉਪਰੰਤ ਜੇਕਰ ਕਿਸੇ ਕਰਮਚਾਰੀ ਦੀ ਰਿਪੋਰਟ ਠੀਕ ਨਹੀਂ ਪਾਈ ਜਾਂਦੀ ਤਾਂ ਇਸ ਸਬੰਧੀ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਰਾਹੀਂ ਉਸ ਕਰਮਚਾਰੀ ਦੀ ਰਿਪੋਰਟ ਮੁੱਖ ਦਫਤਰ ਨੂੰ ਭੇਜਣੀ ਯਕੀਨੀ ਬਣਾਉਣਗੇ।
   - ਇਹਨਾਂ ਨੂੰ ਹਾਜ਼ਰ ਕਰਵਾਉਣ ਉਪਰੰਤ ਇਹਨਾਂ ਦਾ ਡਾਟਾ ਈ-ਪੰਜਾਬ ਪੋਰਟਲ ਤੇ ਅਪਲੋਡ ਕਰਵਾਉਣਾ ਯਕੀਨੀ ਬਣਾਉਣਗੇ।
   - ਨਵ ਨਿਯੁਕਤ ਲਾਇਬ੍ਰੇਰੀਅਨ ਦੀ ਹਾਜ਼ਰੀ ਰਿਪੋਰਟ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਪੰਜਾਬ ਨੂੰ ਭੇਜਣੀ ਯਕੀਨੀ ਬਣਾਈ ਜਾਵੇ।
4. ਸਬੰਧਤ ਕਰਮਚਾਰੀ।

**ਸਹਾਇਕ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ)**
**(ਦਫਤਰੀ ਅਮਲਾ ਸ਼ਾਖਾ)**